M.A. II History Sem III

History of India 1818-1947

DATE
PAGE No. 1

ਪੇਪਰ I

(2) ## ਸਾਲ ਦਾ ਮਹੱਤਵ 1818

ਇਤਿਹਾਸ ਦੀ ਵੰਡ ਹਮੇਸ਼ਾ ਸਦੀਆ ਦੇ ਆਧਾਰ ਤੇ ਕੀਤੀ ਜਾਂਦੀ ਹੈ। ਇਸ ਕਰਕੇ ਇਤਿਹਾਸਕਾਰਾਂ ਨੇ ਭਾਰਤੀ ਇਤਿਹਾਸ ਨੂੰ ਪੁਰਾਤਨ ਕਾਲ, ਮੱਧ ਕਾਲ ਅਤੇ ਆਧੁਨਿਕ ਕਾਲ ਦੇ ਹਿੱਸਿਆਂ ਵਿਚ ਵੰਡਿਆ ਹੈ। ਆਧੁਨਿਕ ਇਤਿਹਾਸ ਦੇ ਵਿਚ 1818 ਸਾਲ ਨੂੰ ਖਾਸ ਸਥਾਨ ਪ੍ਰਾਪਤ ਹੈ ਕਿਉਂਕਿ ਇਸ ਸਮੇਂ ਤਕ ਭਾਰਤ ਵਿਚ ਅੰਗਰੇਜ਼ੀ ਰਾਜ ਪੂਰੀ ਤਰ੍ਹਾਂ ਪੈਰ ਸਥਾਪਿਤ ਕਰ ਚੁੱਕਾ ਸੀ।

ਜਿਵੇਂ ਕਿ ਆਰ.ਸੀ. ਮਜ਼ੂਮਦਾਰ ਨੇ ਕਿਹਾ ਹਿਮਾਲਿਆ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਅਤੇ ਸਤਲੁਜ ਨਦੀ ਤੋਂ ਲੈ ਕੇ ਬ੍ਰਹਮਪੁੱਤਰ ਨਦੀ ਤਕ ਕੋਈ ਵੀ ਰਾਜ ਅਜਿਹਾ ਨਹੀਂ ਸੀ ਜੋ ਅੰਗਰੇਜ਼ੀ ਰਾਜ ਦੇ ਅੱਗੇ ਖੜ੍ਹਾ ਹੋ ਸਕੇ। ਪੰਜਾਬ ਅਤੇ ਸਿੰਧ ਸਿਰਫ ਦੋ ਹੀ ਰਾਜ ਸਨ ਜੋ ਉਨ੍ਹਾਂ ਦੀ ਪਹੁੰਚ ਤੋਂ ਦੂਰ ਸਨ।

ਮਰਾਠੇ ਇਸ ਸਾਲ ਤੱਕ ਆਉਂਦੇ-ਆਉਂਦੇ ਆਪਣੀ ਸ਼ਕਤੀ ਗੁਆ ਚੁੱਕੇ ਸਨ। ਰਾਜਪੂਤ ਅੰਗਰੇਜ਼ਾਂ ਹੱਥੋਂ ਹਾਰ ਚੁੱਕੇ ਸਨ। ਹੁਣ ਤੱਕ 'ਪਿੰਡਾਰੀ' ਅਤੇ ਪਠਾਣਾ ਦੀ ਸ਼ਕਤੀ ਅੰਗਰੇਜ਼ੀ ਰਾਜ ਦੇ ਹੱਥੋਂ ਪੂਰੀ ਤਰ੍ਹਾਂ ਖਤਮ ਕੀਤੀ ਜਾ ਚੁੱਕੀ ਸੀ। ਭਾਵ ਇਸ ਸਾਲ ਤੱਕ ਆਉਂਦੇ-ਆਉਂਦੇ ਭਾਰਤ ਦੇ ਵਿੱਚ ਅੰਗਰੇਜ਼ ਸ਼ਕਤੀ ਸਰਵ-ਉੱਚ ਬਣ ਚੁੱਕੀ ਸੀ। 1817 ਦੇ ਸਾਲ ਤੱਕ ਦਾ ਸਮਾਂ ਅੰਗਰੇਜ਼ਾਂ ਦੇ ਜਿੱਤ ਦਾ ਸਮਾਂ ਸੀ। ਇਸ ਤੋਂ ਪਿੱਛੋਂ ਦਾ ਸਮਾਂ ਅੰਗਰੇਜ਼ ਰਾਜ ਨੂੰ ਪੱਕਾ ਕਰਨ ਦਾ ਸਮਾਂ ਸੀ। ਇਸ ਪਿੱਛੋਂ ਦਾ ਸਮਾਂ ਪ੍ਰਬੰਧਕੀ ਸੁਧਾਰਾਂ ਤੇ ਰਾਜ ਨੂੰ ਪੱਕਿਆਂ ਲੀਹਾਂ ਤੇ ਪਾਉਣ ਦਾ ਸੀ। ਪੁਰਾਣੀਆਂ ਕਮੀਆਂ ਨੂੰ ਦੂਰ ਕਰਕੇ ਨਵੇਂ ਢਾਂਚੇ ਨੂੰ ਉਸਾਰਨ ਦਾ ਸਮਾਂ ਸੀ।

### ਮਰਾਠੇ

ਮਰਾਠੇ ਭਾਰਤ ਵਿਚ ਇਕ ਵੱਡੀ ਤਾਕਤ ਸਨ। 1761 ਈ. ਦੀ ਲੜਾਈ ਵਿਚ ਇਕ ਵਾਰ ਇਨ੍ਹਾਂ ਦੀ ਤਾਕਤ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਸੀ ਜਦ ਪੇਸ਼ਵਾ ਮਾਧਵਰਾਓ ਦੇ ਅਧੀਨ 1772 ਈ. ਤਕ ਇਹ ਸ਼ਕਤੀਸ਼ਾਲੀ ਹੋ ਗਏ ਸਨ। ਜਿਨ੍ਹਾਂ ਨੂੰ ਆਲੇ-ਦੁਆਲੇ ਦੇ ਨਾਲ ਸੰਘਰਸ਼ ਵਿਚ ਕਾਮਯਾਬੀ ਪ੍ਰਾਪਤ ਹੋਈ। 1772 ਵਿਚ

Scanned with CamScanner

ਉਸਦੀ ਮੌਤ ਹੋ ਜਾਣ ਦੇ ਨਾਲ ਸ਼ਕਤੀ ਕਈ ਭਾਗਾਂ ਵਿਚ ਵੰਡ ਗਈ। ਇਹ ਸਾਰੇ ਰਾਜ ਪੂਰੀ ਤਰ੍ਹਾਂ ਸੁਤੰਤਰ ਹੋ ਗਏ। ਨਾਨਾ ਫੜਨਵੀਸ ਦੀ ਅਗਵਾਈ ਹੇਠ ਇਨ੍ਹਾਂ ਨੇ ਅੰਗਰੇਜ਼ਾਂ ਨਾਲ ਸੰਘਰਸ਼ ਕੀਤਾ। ਪਰ ਰਘੂਨਾਥ ਰਾਓ ਅੰਗਰੇਜ਼ਾਂ ਦੇ ਨਾਲ ਅੰਦਰਖਾਤੇ ਮਿਲਿਆ ਰਿਹਾ। ਜਦੋਂ ਵੈਲਜ਼ਲੀ ਭਾਰਤ ਵਿਚ ਆਇਆ ਉਦੋਂ ਮਰਾਠੇ ਆਪਸ ਵਿਚ ਲੜ ਰਹੇ ਸਨ। ਉਸ ਸਮੇਂ ਤਾਂ ਅੰਗਰੇਜ਼ਾਂ ਦੇ ਖਿਲਾਫ ਇਕਮੁੱਠ ਨਹੀਂ ਹੋ ਸਕੇ। ਨਾਨਾ ਫੜਨਵੀਸ ਦੀ ਮੌਤ ਹੋ ਜਾਣ ਦੇ ਨਾਲ ਮਰਾਠੇ ਪਹਿਲਾਂ ਜਿੰਨੇ ਸ਼ਕਤੀਸ਼ਾਲੀ ਨਹੀਂ ਰਹੇ। ਉਨ੍ਹਾਂ ਵਿਚ ਇਕਮੁੱਠ ਹੋਣ ਦੀ ਤਾਕਤ ਖਤਮ ਹੋ ਗਈ। ਵੈਲਜ਼ਲੀ ਨੇ ਮਰਾਠਾ ਸ਼ਕਤੀ ਨੂੰ ਖਤਮ ਕਰਨ ਦਾ ਬੀੜਾ ਚੁੱਕਿਆ। 1800 ਇਸਵੀ ਤੋਂ ਬਾਅਦ ਵੈਲਜ਼ਲੀ ਨੇ ਸਹਾਇਕ ਸੰਧੀ ਕਰਨ ਦੀ ਵਿਉਂਤਬੰਦੀ ਬਣਾਈ।

1802 ਈ. ਨੂੰ ਪੇਸ਼ਵਾ ਬਾਜੀਰਾਓ ਪੂਨਾ ਛੱਡ ਕੇ ਦੌੜ ਗਿਆ ਅਤੇ ਅੰਗਰੇਜ਼ਾਂ ਦੀ ਸ਼ਰਨ ਲੈ ਲਈ। ਉਸਦੇ ਅੰਗਰੇਜ਼ਾਂ ਦੀ ਅਧੀਨਤਾ ਸਵੀਕਾਰ ਕਰ ਲੈਣ ਦੇ ਕਾਰਨ ਸਿੰਧੀਆ ਅਤੇ ਹੁਲਕਰ ਅਤੇ ਵੈਲਜ਼ਲੀ ਨੇ ਲੜਾਈ ਕੀਤੀ। ਇਸ ਲੜਾਈ ਦੌਰਾਨ ਹੀ ਵੈਲਜ਼ਲੀ ਨੂੰ ਵਾਪਸ ਇੰਗਲੈਂਡ ਬੁਲਾ ਲਿਆ ਗਿਆ। ਇਸ ਤਰ੍ਹਾਂ ਮਰਾਠਿਆਂ ਦੀ ਹੋਂਦ ਕਾਇਮ ਰਹਿ ਸਕੀ। ਇਸ ਕੰਮ ਨੂੰ ਪੂਰਾ ਕਰਨ ਲਈ ਲਾਰਡ ਹੇਸਟਿੰਗਜ਼ ਨੇ ਦੁਬਾਰਾ ਬੀੜਾ ਚੁੱਕਿਆ।

1817 ਈ. ਵਿਚ ਪੇਸ਼ਵਾ ਬਾਜੀਰਾਓ ਅੰਗਰੇਜ਼ਾਂ ਦੇ ਅਧੀਨ ਸੀ ਅਤੇ ਤਾਂ ਅੰਗਰੇਜ਼ਾਂ ਦੇ ਖਿਲਾਫ ਹੋ ਗਿਆ। ਉਸਨੂੰ ਹਰਾ ਦਿੱਤਾ ਗਿਆ। ਇਸ ਸਮੇਂ ਨਾਗਪੁਰ ਦੇ ਭੌਂਸਲੇ ਅਤੇ ਹੋਲਕਰ ਨੇ ਅੰਗਰੇਜ਼ਾਂ ਦੇ ਖਿਲਾਫ ਜੰਗ ਦੀ ਘੋਸ਼ਣਾ ਕਰ ਦਿੱਤੀ। 1817 ਈ. ਤਕ ਉਨ੍ਹਾਂ ਨੂੰ ਹਰਾ ਦਿੱਤਾ ਗਿਆ। ਜੂਨ 1817 ਈ. ਤਕ ਪੇਸ਼ਵਾ ਬਾਜੀਰਾਓ ਨੇ ਅੰਗਰੇਜ਼ਾਂ ਦੀ ਅਧੀਨਤਾ ਮੰਨ ਲਈ। ਨਵੰਬਰ 1817 ਈ. ਨੂੰ ਸਿੰਧੀਆਂ ਨੇ ਅੰਗਰੇਜ਼ਾਂ ਨਾਲ ਸੰਧੀ ਕਰ ਲਈ। ਇਸ ਤਰ੍ਹਾਂ 1818 ਈ. ਤੱਕ ਮਰਾਠਾ ਸ਼ਕਤੀ ਭਾਰਤ ਵਿਚੋਂ ਪੂਰੀ ਤਰ੍ਹਾਂ ਖਤਮ ਹੋ ਗਈ।

## ਰਾਜਪੂਤ ਅਤੇ ਅੰਗਰੇਜ਼

ਰਾਜਪੂਤ ਰਾਜਿਆਂ ਨੇ ਕਈ ਵਾਰ ਅੰਗਰੇਜ਼ਾਂ ਨਾਲ ਸੰਧੀ ਕਰਨ ਦੀ ਕੋਸ਼ਿਸ਼ ਕੀਤੀ ਪਰ ਅੰਗਰੇਜ਼ੀ ਦਖਲ ਨਾ ਦੇਣ ਦੀ ਨੀਤੀ ਕਾਰਨ

Scanned with CamScanner

ਉਨ੍ਹਾਂ ਵਿਚ ਕੋਈ ਸੰਧੀ ਨਹੀਂ ਹੋ ਸਕੇ। ਇਸ ਦੇ ਇਲਾਵਾ ਉਹ ਮਰਾਠਾ ਅਤੇ ਪਠਾਣਾਂ ਦੇ ਹੱਥੋਂ ਵੀ ਦੁਖੀ ਸਨ। ਲਾਰਡ ਹੇਸਟਿੰਗ ਨੇ ਰਾਜਪੂਤਾਂ ਦੀ ਸੱਤਾ ਨੂੰ ਸਮਝਦੇ ਹੋਏ ਉਨ੍ਹਾਂ ਨਾਲ ਵਿਚ ਸਹਾਇਕ ਸੰਧੀ ਕੀਤੀ। 1818 ਵਿਚ ਲਗਭਗ 29 ਰਾਜਪੂਤ ਰਾਜਿਆਂ ਨਾਲ ਇਹੋ ਜਿਹੀਆਂ ਸੰਧੀਆਂ ਕੀਤੀਆ ਗਈਆਂ। ਇਸ ਨਾਲ ਰਾਜਪੂਤ ਅੰਗਰੇਜ਼ਾਂ ਦੇ ਅਧੀਨ ਆ ਗਏ।

## ਪਠਾਣ

ਮੁਗਲ ਰਾਜ ਦੇ ਪਤਨ ਦੇ ਪਿੱਛੋਂ ਪਠਾਣ ਖਾਸ ਕਰਕੇ ਪਿੰਡਾਰੀ ਨੇ ਛੋਟੇ-ਛੋਟੇ ਗੁੱਟ ਬਣਾ ਕੇ ਲੁੱਟ ਮਾਰ ਕਰਨੀ ਸ਼ੁਰੂ ਕਰ ਦਿੱਤੀ। ਉਹ ਮਰਾਠਿਆਂ ਦੀਆਂ ਫੌਜਾਂ ਦੇ ਵਿਚ ਜਾ ਕੇ ਲੁੱਟ ਮਾਰ ਕਰਦੇ ਸਨ। ਹੌਲੀ-ਹੌਲੀ ਉਹ ਇੰਨੇ ਦਲੇਰ ਹੋ ਗਏ ਕਿ ਉਨ੍ਹਾਂ ਨੇ ਨਿਜ਼ਾਮ ਅਤੇ ਅੰਗਰੇਜ਼ਾਂ ਦੇ ਇਲਾਕਿਆਂ ਨੂੰ ਵੀ ਲੁੱਟਣਾ ਸ਼ੁਰੂ ਕਰ ਦਿੱਤਾ ਉਨ੍ਹਾਂ ਨੂੰ ਲਾਰਡ ਹੇਸਟਿੰਗ ਨੇ ਪੂਰੀ ਸੈਨਿਕ ਤਿਆਰੀ ਕਰ ਕੇ ਉਨ੍ਹਾਂ ਉਪਰ ਚਾਰੇ ਪਾਸਿਆਂ ਤੋਂ ਹਮਲਾ ਕਰਕੇ ਲੁਕਣ ਲਈ ਮਜਬੂਰ ਕਰ ਦਿੱਤਾ।।

1818 ਸਾਲ ਤਕ ਪਿੰਡਾਰੀਆਂ ਦੀ ਸ਼ਕਤੀ ਪੂਰੀ ਤਰ੍ਹਾਂ ਖਤਮ ਹੋ ਗਈ। ਉਨ੍ਹਾਂ ਦੇ ਕਈ ਨੇਤਾਵਾਂ ਨੂੰ ਜਗੀਰਾਂ ਦੇਈਆਂ ਜਿਵੇਂ ਕਰੀਮ ਖਾਂ ਨੂੰ ਗਾਜ਼ੀਪੁਰ ਵਿਚ ਅਤੇ ਅਮੀਰ ਖਾਨ ਨੂੰ ਟੋਕ ਵਿਚ ਜਗੀਰ ਦੇ ਦਿੱਤੀ ਗਈ।

## ਨੇਪਾਲ

ਲਾਰਡ ਹੇਸਟਿੰਗ ਨੇ ਨੇਪਾਲ ਨਾਲ ਯੁੱਧ ਕਰਕੇ ਸਿਰਮੌਰ ਦਾ ਰਾਜ ਅਤੇ ਤਰਾਈ ਦਾ ਖੇਤਰ ਜਿਸ ਅਤੇ ਕਮਾਉਂ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ। ਇਸ ਤਰ੍ਹਾਂ ਆਪਣੀ ਪ੍ਰਭੁੱਤਾ ਸਥਾਪਤ ਕਰ ਲਈ। ਸਰਹਿਆ ਦਾ ਪਤਨ ਕੀਤਾ। ਰਾਜਪੂਤ ਅਤੇ ਕਈ ਹੋਰ ਰਾਜਿਆਂ ਨਾਲ ਸੰਧੀਆਂ ਕੀਤੀਆਂ। ਨੇਪਾਲ ਦੀ ਸਮੱਸਿਆ ਨੂੰ ਸੁਲਝਾਇਆ।

ਇਸ ਤੋਂ ਇਲਾਵਾ ਉਦੋ ਤਕ ਨਪੋਲੀਅਨ ਦਾ ਖਤਰਾ ਵੀ ਖਤਮ ਹੋ ਚੁੱਕਾ ਸੀ। ਇਹ ਅੰਗਰੇਜ਼ਾਂ ਦੇ ਭਾਰਤ ਵਿਚ ਸਥਾਪਿਤ ਹੋਣ ਦਾ ਸਹੀ ਸਮਾਂ ਸੀ। ਭਾਰਤ ਵਿਚ ਕੋਈ ਇਹੋ

Scanned with CamScanner

ਜਿਹੀ ਛੋਟੀ ਜਾ ਵੱਡੀ ਸ਼ਕਤੀ ਨਹੀਂ ਸੀ ਜਿਹੜੀ ਅੰਗਰੇਜ਼ਾਂ ਨੂੰ ਚੁਣੌਤੀ ਦੇ ਸਕੇ।

ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਇਲਾਵਾ ਇਹ ਸਾਲ ਆਧੁਨਿਕ ਭਾਰਤ ਦੇ ਇਤਿਹਾਸ ਵਿਚ ਹੋਰ ਪੱਖ ਤੋਂ ਮਹੱਤਵਪੂਰਨ ਹੈ।

## ਪ੍ਰਸ਼ਾਸਨਿਕ ਸੁਧਾਰ

1817 ਈ. ਤੋਂ ਬਾਅਦ ਸਮਰਾਜ ਨੂੰ ਇਕ ਲੱਗਣ ਲੱਗਾ ਦੇ ਰੂਪ ਪ੍ਰਸ਼ਾਸਨਿਕ ਸੁਧਾਰਾਂ ਦੀ ਜ਼ਰੂਰਤ ਹੈ। ਇਹ ਸੁਧਾਰ ਇਸ ਤਰ੍ਹਾਂ ਕੀਤੇ ਜਾਣ ਕਿ ਪ੍ਰਸ਼ਾਸਨ ਸਥਾਨ ਹਾਲਾਤਾਂ ਦੇ ਅਨੁਕੂਲ ਬਣ ਜਾਵੇ। ਤੇ ਇਨ੍ਹਾਂ ਵਿਚ ਇੰਗਲੈਂਡ ਵਿਚ ਉਪਯੋਗਤਾਵਾਦ ਦੀ ਲਹਿਰ ਦਾ ਬਹੁਤ ਪ੍ਰਚਾਰ ਹੋ ਗਿਆ ਸੀ। ਜਿਸਦਾ ਮੰਤਵ ਵਧੀਆ ਰਾਜ ਅਤੇ ਇਸਦੇ ਹਰ ਸੁਤੰਤਰਤਾ ਦੇ ਆਧਾਰ ਤੇ ਪ੍ਰਸ਼ਾਸਨ ਨੂੰ ਚਲਾਉਣਾ ਸੀ। ਇਥੇ ਅੰਗਰੇਜ਼ਾਂ ਦੇ ਪ੍ਰਸ਼ਾਸਨਿਕ ਸੁਧਾਰਾਂ ਦਾ ਮੰਤਵ ਲੋਕਾਂ ਨੂੰ ਨਿਆਂ ਪ੍ਰਦਾਨ ਕਰਨਾ ਸੀ ਅਤੇ ਸੰਤੁਸ਼ਟ ਕਰਨਾ ਸੀ। ਇਸ ਲਈ ਆਪਣੇ ਰਾਜ ਨੂੰ ਸਥਿਰ ਬਣਾਉਣ ਲਈ ਆਪਣੀ ਪ੍ਰਭੁੱਸਤਾ ਨੂੰ ਚੰਗੀ ਤਰ੍ਹਾਂ ਕਾਇਮ ਕਰਨ ਲਈ ਅੰਗਰੇਜ਼ਾਂ ਨੇ ਭਾਰਤ ਦਾ ਇਕ ਵੱਖਰਾ ਖਾਸ ਵਿਭਾਗ ਬਣਾਇਆ।

ਇਸ ਦੇ ਨਾਲ ਹੀ ਇਹੋ ਜਿਹੇ ਨਿਯਮ ਬਣਾਏ ਗਏ ਜਿਸਦੇ ਸਿੱਟੇ ਵਜੋਂ ਹਰ ਅਹੁਦੇ ਦੀਆਂ ਸ਼ਕਤੀਆਂ ਅਤੇ ਅਧਿਕਾਰਾਂ ਦਾ ਵੇਰਵਾ ਵੀ ਦਿੱਤਾ ਗਿਆ। ਇਸਦੇ ਇਲਾਵਾ ਨਸਰ ਨੂੰ ਬਣਾਉਣ ਦਾ ਬੀੜਾ ਚੁੱਕਿਆ ਗਿਆ ਅਤੇ ਅਦਾਲਤਾਂ ਦੀ ਸਥਾਪਨਾ ਕੀਤੀ ਗਈ।

ਸਿੱਖਿਆ ਦੇ ਪੱਖੋਂ 1818 ਈ. ਦਾ ਇਹ ਸਾਲ ਖਾਸ ਮਹੱਤਵ ਰੱਖਦਾ ਹੈ। ਇਸ ਸਮੇਂ ਤੋਂ ਹੀ ਇਸਦੇ ਵਿਚ ਵਾਰ ਵਿਚਾਰ ਸ਼ੁਰੂ ਹੋਇਆ ਹੈ। ਮਾਤ ਭਾਸ਼ਾ ਦੇ ਵਿਚ ਜੋ ਪੈਸਾ ਸਿੱਖਿਆ ਦੇ ਵਿਕਾਸ ਦੇ ਲਈ ਰੱਖਿਆ ਗਿਆ ਹੈ ਉਸਨੂੰ ਕਿਸ ਤਰ੍ਹਾਂ ਖਰਚ ਕੀਤਾ ਜਾਵੇਗਾ। ਇਸ ਸਮੇਂ ਸਿੱਖਿਆ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਸਮਝਦੇ ਹੋਏ ਭਾਰਤ ਵਿਚ ਅੰਗਰੇਜ਼ੀ ਪ੍ਰਣਾਲੀ ਦੇ ਆਧਾਰ ਤੇ ਸਿੱਖਿਆ ਸ਼ੁਰੂ ਕਰਨ ਉਪਰ ਜ਼ੋਰ ਪਾਇਆ ਗਿਆ। ਇਸ ਸਾਲ ਕਈ ਪੇਸ਼ਵਾ ਖਤਮ ਕਰ ਦਿੱਤੀਆਂ ਗਈਆਂ। ਆਰਥਿਕ ਦ੍ਰਿਸ਼ਟੀਕੋਣ ਤੋਂ ਵੀ 1818 ਦਾ ਇਹ ਸਾਲ ਬਹੁਤ ਮਹੱਤਵ ਰੱਖਦਾ ਹੈ ਨਵੇਂ ਸਮਾਜ

ਪੁਰਾਣੀ ਦੇ ਬਾਰੇ ਵੀ ਸੋਚਿਆ ਗਿਆ। ਬੰਦੋਬਸਤ ਸਥਾਪਤ ਕਰਨ ਦਾ ਫੈਸਲਾ ਹੋਣ ਕਰ ਦਿੱਤਾ ਗਿਆ। ਲਗਾਨ ਪੁਰਾਣੀ ਸੰਬੰਧੀ ਹੋਰ ਕਈ ਨਿਯਮ ਬਣਾਏ ਗਏ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਇਸ ਸਾਲ ਦਾ ਭਾਰਤ ਦੇ ਇਤਿਹਾਸ ਵਿਚ ਇਕ ਬਹੁਤ ਵੱਡਾ ਮਹੱਤਵ ਹੈ। ਇਸ ਸਾਲ ਵਿਚ ਭਾਰਤ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਘਟਨਾਵਾਂ ਹੋਈਆਂ। ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਆਧੁਨਿਕ ਭਾਰਤ ਦੀ ਨੀਂਹ ਰੱਖੀ ਗਈ। ਇਸ ਸਮੇਂ ਵਿਚ ਹੀ ਬਹੁਤ ਸਾਰੇ ਨਵੇਂ ਸਮਾਜਿਕ ਸੁਧਾਰਕ ਸੰਸਥਾਵਾਂ ਦੇ ਅੰਦੋਲਨ ਦੀ ਸ਼ੁਰੂਆਤ ਹੋਈ। ਇਸ ਨਾਲ ਨਵੀਂ ਜਾਗਰਤੀ ਪੈਦਾ ਹੋਈ। ਇਸ ਤਰ੍ਹਾਂ 1818 ਦਾ ਇਹ ਸਾਲ ਨਿਸਚੇ ਹੀ ਮਹੱਤਵਪੂਰਨ ਸਾਲ ਸੀ।

Scanned with CamScanner